# ਦਫਤਰ ਨਗਰ ਨਿਗਮ ਬਠਿੰਡਾ

ਨੰ: 1363/SK ਮਿਤੀ 30/9/2021

## ਪਬਲਿਕ ਨੋਟਿਸ

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਕੰਡਮ ਵਹੀਕਲਾਂ ਨੂੰ ਖੁੱਲੀ ਬੋਲੀ ਰਾਹੀ ਵੇਚਿਆ ਜਾਣਾ ਹੈ। ਚਾਹਵਾਨ ਵਿਅਕਤੀ ਬੋਲੀ ਵਿੱਚ ਹਿੱਸਾ ਲੈ ਕੇ ਲਾਭ ਉਠਾਉਣ। ਬੋਲੀ ਸਬੰਧੀ ਸ਼ਰਤਾਂ ਨਗਰ ਨਿਗਮ ਦੀ ਨੋਟਿਸ ਬੋਰਡ ਅਤੇ ਨਗਰ ਨਿਗਮ ਦੀ ਵੈਬਸਾਈਟ www.mcbathinda.com ਤੇ ਦੇਖੀਆਂ ਜਾ ਸਕਦੀਆਂ ਹਨ।

ਬੋਲੀ ਦਾ ਵੇਰਵਾ:-

| ਲੜੀ ਨੰ: | ਬੋਲੀ ਦਾ ਨਾਮ | ਬਿਆਨਾ ਰਕਮ | ਰਿਜਰਵ ਕੀਮਤ |
|---|---|---|---|
| 1. | ਕੰਡਮ ਟਰੈਕਟਰ (ਮਾਡਲ ਸਾਲ 1975, 1978, 1981, 1985) ਕੁੱਲ 6 | 50000/- ਰੁਪਏ | 45000/- ਪ੍ਰਤੀ ਟਰੈਕਟਰ |

ਬੋਲੀ ਦੀ ਮਿਤੀ ਅਤੇ ਸਥਾਨ:-

| ਲੜੀ ਨੰ: | ਬੋਲੀ ਦੀ ਮਿਤੀ ਅਤੇ ਸਮਾਂ | ਬੋਲੀ ਦਾ ਸਥਾਨ |
|---|---|---|
| 1. | 14.10.2021 ਸਮਾਂ ਸਵੇਰੇ 11.00 ਵਜੇ | ਨਗਰ ਨਿਗਮ ਮੀਟਿੰਗ ਹਾਲ |

ਨੋਟ- ਉਕਤ ਸਬੰਧੀ ਕੋਰੀਜੰਡਮ ਸਿਰਫ ਵੈਬਸਾਈਟ www.mcbathinda.com ਅਤੇ ਨਗਰ ਨਿਗਮ ਦੇ ਨੋਟਿਸ ਬੋਰਡ ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਨਿਗਰਾਨ ਇੰਜੀਨੀਅਰ,
ਨਗਰ ਨਿਗਮ ਇੰਜੀਨੀਅਰ

Scanned with CamScanner

# ਨਗਰ ਨਿਗਮ ਬਠਿੰਡਾ

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਕੰਡਮ ਵਹੀਕਲਾਂ ਨੂੰ ਖੁੱਲੀ ਬੋਲੀ ਰਾਹੀ ਵੇਚਿਆ ਜਾਣਾ ਹੈ। ਚਾਹਵਾਨ ਵਿਅਕਤੀ ਬੋਲੀ ਵਿੱਚ ਹਿੱਸਾ ਲੈ ਕੇ ਲਾਭ ਉਠਾਉਣ।ਬੋਲੀ ਸਬੰਧੀ ਸ਼ਰਤਾਂ ਨਿਮਨ ਲਿਖਤ ਅਨੁਸਾਰ ਹਨ।

ਬੋਲੀ ਦਾ ਵੇਰਵਾ:-

| ਲੜੀ ਨੰ: | ਬੋਲੀ ਦਾ ਨਾਮ | ਬਿਆਨਾ ਰਕਮ | ਰਿਜਰਵ ਕੀਮਤ |
|---|---|---|---|
| 1. | ਕੰਡਮ ਟਰੈਕਟਰ (ਮਾਡਲ ਸਾਲ 1975, 1978, 1981, 1985) ਕੁੱਲ 6 | 50000/- ਰੁਪਏ | 45000/- ਪ੍ਰਤੀ ਟਰੈਕਟਰ |

ਬੋਲੀ ਸਬੰਧੀ ਬੋਲੀਕਾਰਾਂ ਨੂੰ ਹਦਾਇਤਾਂ:-

1. ਬੋਲੀ ਸਬੰਧੀ ਸ਼ਰਤਾਂ ਨਗਰ ਨਿਗਮ ਦੀ ਵੈਬਸਾਈਟ www.mcbathinda.com ਦੇ ਨਾਲ-ਨਾਲ ਦਫਤਰ ਦੇ ਸਮੇਂ ਦੌਰਾਨ ਕਿਸੇ ਵੀ ਕੰਮ-ਕਾਰ ਵਾਲੇ ਦਿਨ ਸਟੋਰ ਕੀਪਰ, ਨਗਰ ਨਿਗਮ ਬਠਿੰਡਾ ਦੇ ਦਫਤਰ ਵਿਖੇ ਦੇਖੀਆ ਜਾ ਸਕਦੀਆ ਹਨ।
2. ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਚਾਹਵਾਨ ਬੋਲੀਕਾਰ ਨਿਰਧਾਰਤ ਬਿਆਨਾ ਰਕਮ ਜਮ੍ਹਾ ਕਰੇਗਾ।
3. ਸਫਲ ਬੋਲੀਕਾਰ ਨੂੰ ਛੱਡਕੇ, ਬੋਲੀ ਪ੍ਰਵਾਨ ਹੋਣ ਤੋਂ ਬਾਅਦ ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਰਿਫੰਡ ਕੀਤੀ ਜਾਵੇਗੀ।
4. ਬੋਲੀ ਲਈ ਘੱਟੋਂ ਘੱਟ ਤਿੰਨ ਬੋਲੀਕਾਰਾਂ ਦਾ ਹੋਣਾ ਜਰੂਰੀ ਹੈ। ਨਗਰ ਨਿਗਮ ਵੱਲੋਂ ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਹੀ ਕੰਡਮ ਵਹੀਕਲ ਵੇਚੇ ਜਾਣਗੇ।
5. ਕੰਡਮ ਵਹੀਕਲ/ਵਹੀਕਲਾਂ ਦਾ ਕਬਜਾ ਨਗਰ ਨਿਗਮ ਵੱਲੋਂ ਬੋਲੀ ਦੀ ਪ੍ਰਵਾਨਗੀ ਹੋਣ ਤੋਂ ਬਾਅਦ ਦਿੱਤਾ ਜਾਵੇਗਾ।
6. ਬੋਲੀ ਦੀ ਪ੍ਰਵਾਨਗੀ ਤੋਂ ਬਾਅਦ ਬੋਲੀਕਾਰ 10 ਦਿਨਾਂ ਦੇ ਅੰਦਰ-2 ਕੰਡਮ ਵਹੀਕਲ ਚੁੱਕਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਗਰ ਨਿਗਮ ਨੂੰ ਬੋਲੀਕਾਰ ਦੀ ਸਕਿਉਰਟੀ/ਬਿਆਨਾ ਰਕਮ ਜਬਤ ਕਰਨ ਦਾ ਅਧਿਕਾਰ ਹੋਵੇਗਾ।
7. ਸਫਲ ਬੋਲੀਕਾਰ ਵੱਲੋਂ ਬੋਲੀ ਦੀ ਰਕਮ ਦਾ 1/4 ਹਿੱਸਾ ਮੌਕੇ ਤੇ ਜਮ੍ਹਾ ਕਰਾਉਣਾ ਹੋਵੇਗਾ। ਬਿਆਨੇ ਵਜੋਂ ਜਮ੍ਹਾ ਕਰਵਾਈ ਗਈ ਰਕਮ ਇਸ ਵਿੱਚ ਸ਼ਾਮਿਲ ਕੀਤੀ ਜਾਵੇਗੀ। ਬੋਲੀ ਪ੍ਰਵਾਨ ਨਾ ਹੋਣ ਦੀ ਸੂਰਤ ਵਿੱਚ ਬੋਲੀਕਾਰ ਨੂੰ ਜਮ੍ਹਾ ਕਰਵਾਈ ਗਈ ਰਕਮ ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।
8. ਬੋਲੀਕਾਰ ਵੱਲੋਂ ਬਾਕੀ ਰਹਿੰਦੀ ਰਕਮ ਕੰਡਮ ਵਹੀਕਲ ਚੁੱਕਣ ਤੋਂ ਪਹਿਲਾਂ ਜਮ੍ਹਾ ਕਰਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਲੀਕਾਰ ਨੂੰ ਕੰਡਮ ਸਮਾਨ ਦਾ ਕਬਜਾ ਨਹੀਂ ਦਿੱਤਾ ਜਾਵੇਗਾ।
9. ਬੋਲੀ ਦੀ ਪ੍ਰਵਾਨਗੀ ਉਪਰੰਤ ਕੰਡਮ ਸਮਾਨ ਦਾ ਕਬਜਾ ਨਾ ਲੈਣ ਦੀ ਸੂਰਤ ਵਿੱਚ ਬੋਲੀਕਾਰ ਵੱਲੋਂ ਜਮ੍ਹਾ ਕਰਵਾਈ ਗਈ ਸਕਿਉਰਟੀ/ਬਿਆਨਾ ਰਕਮ ਜਬਤ ਕਰਕੇ ਮੁੜ ਤੋਂ ਬੋਲੀ ਕਰਵਾਉਣ ਦਾ ਨਗਰ ਨਿਗਮ ਨੂੰ ਅਧਿਕਾਰ ਹੋਵੇਗਾ।
10. ਕੰਡਮ ਵਹੀਕਲ ਜਿਸ ਹਾਲਤ ਵਿੱਚ ਹਨ, ਉਸੇ ਹਾਲਤ ਵਿੱਚ ਹੀ ਦਿੱਤੇ ਜਾਣਗੇ। ਕੰਡਮ ਵਹੀਕਲ ਨੂੰ ਚੁੱਕਣ ਸਮੇਂ ਹੋਣ ਵਾਲਾ ਹਰ ਕਿਸਮ ਦਾ ਖਰਚਾ ਬੋਲੀਕਾਰ ਵੱਲੋਂ ਕੀਤਾ ਜਾਵੇਗਾ।
11. ਬੋਲੀ ਪ੍ਰਵਾਨ ਕਰਨ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹਨ।

ਨਿਗਰਾਨ ਇੰਜੀਨੀਅਰ,
ਨਗਰ ਨਿਗਮ, ਬਠਿੰਡਾ

Scanned with CamScanner